BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਮੇਅਰ ਦੀ COVID-19 ਯੂਥ ਸਪੋਰਟ ਟਾਸਕ ਫੋਰਸ ਦੀ ਘੋਸ਼ਣਾ ਕੀਤੀ

ਬ੍ਰੈਂਪਟਨ, ਓਨਟੈਰੀਓ (20 ਮਾਰਚ, 2020) – ਅੱਜ, ਸਿਟੀ ਆਫ ਬ੍ਰੈਂਪਟਨ ਨੇ ਸਥਾਨਕ ਅਰਥਚਾਰੇ ਅਤੇ ਕਮਜ਼ੋਰ ਭਾਈਚਾਰਿਆਂ ਨੂੰ ਸਹਿਯੋਗ ਦੇਣ ਲਈ ਆਪਣੀ ਚੌਥੀ ਖਾਸ ਟਾਸਕ ਫੋਰਸ: ਮੇਅਰ ਦੀ COVID-19 (ਸੀ.ਓ.ਵੀ.ਆਈ.ਡੀ.-19) ਯੂਥ ਸਪੋਰਟ ਟਾਸਕ ਫੋਰਸ (Youth Support Task Force) ਦੀ ਘੋਸ਼ਣਾ ਕੀਤੀ।

ਇਸ ਟਾਸਕ ਫੋਰਸ ਦੇ ਕੋ-ਚੇਅਰ, ਵਾਰਡਸ 9 ਅਤੇ 10 ਦੇ ਸਿਟੀ ਕਾਉਂਸਲਰ ਹਰਕੀਰਤ ਸਿੰਘ (Harkirat Singh) ਅਤੇ ਵਾਰਡਸ 7 ਅਤੇ 8 ਦੀ ਸਿਟੀ ਕਾਉਂਸਲਰ ਸ਼ਾਰਮੇਨ ਵਿਲੀਅਮਸ (Charmaine Williams) ਹੋਣਗੇ। ਖਾਸ ਤੌਰ ਤੇ ਤਿਆਰ ਕੀਤੀ ਇਹ ਟੀਮ, ਉਹਨਾਂ ਜਾਣਕਾਰੀਆਂ ਅਤੇ ਵਸੀਲਿਆਂ ਤੱਕ ਪਹੁੰਚ ਲਈ ਤਾਲਮੇਲ ਕਰਨ ਵਿੱਚ ਮਦਦ ਕਰੇਗੀ, ਜਿਹਨਾਂ ਦੀ ਬ੍ਰੈਂਪਟਨ ਦੇ ਨੌਜਵਾਨਾਂ ਨੂੰ ਇਸ ਸਮੇਂ ਦੇ ਦੌਰਾਨ ਸਭ ਤੋਂ ਵੱਧ ਲੋੜ ਹੈ।

ਇਹ ਗਰੁੱਪ, COVID-19 ਦੇ ਵਧਣ ਤੋਂ ਪਹਿਲਾਂ ਹੀ ਪ੍ਰਭਾਵੀ ਪ੍ਰਤੀਕਿਰਿਆ ਕਰਨ ਲਈ, ਸਿਟੀ ਆਫ ਬ੍ਰੈਂਪਟਨ ਦੇ ਐਮਰਜੈਂਸੀ ਓਪਰੇਸ਼ਨਸ ਸੈਂਟਰ (Emergency Operations Centre) ਅਤੇ ਸਿਟੀ ਦੇ ਸਟਾਫ਼ ਦੇ ਨਾਲ ਮਿਲ ਕੇ ਕੰਮ ਕਰੇਗਾ। ਇਹ ਉਹਨਾਂ ਵਸੀਲਿਆਂ ਅਤੇ ਸਹਿਯੋਗ ਲਈ ਤਾਲਮੇਲ ਕਰਨ ਵਿੱਚ ਮਦਦ ਕਰੇਗਾ, ਜਿਹਨਾਂ ਦੀ ਸਾਡੇ ਨੌਜਵਾਨਾਂ ਨੂੰ ਇਸ ਮੁਸ਼ਕਲ ਸਮੇਂ ਦੇ ਦੌਰਾਨ ਲੋੜ ਹੈ।

ਇਹ ਟਾਸਕ ਫੋਰਸ ਇਹ ਕੰਮ ਕਰੇਗੀ:

1. ਨੌਜਵਾਨਾਂ ਨੂੰ ਸ਼ਾਮਲ ਕਰਨ ਦੇ ਮੌਕਿਆਂ ਵਿੱਚ ਸਹਿਯੋਗ ਕਰੇਗੀ ਕਿਉਂਕਿ ਸਿਟੀ ਦੀਆਂ ਲਾਇਬ੍ਰੇਰੀਆਂ ਅਤੇ ਰੇਕ੍ਰੀਏਸ਼ਨ ਸੈਂਟਰ ਬੰਦ ਹਨ
2. ਬੱਚਿਆਂ ਦੀ ਦੇਖਭਾਲ ਵਿੱਚ ਸਹਾਇਤਾ ਲਈ ਅਤੇ ਕਮਜ਼ੋਰ ਨੌਜਵਾਨਾਂ ਲਈ ਸ਼ੈਲਟਰ ਵਾਸਤੇ ਰੀਜਨ ਆਫ ਪੀਲ (Region of Peel) ਨਾਲ ਮਿਲ ਕੇ ਕੰਮ ਕਰੇਗੀ
3. ਬ੍ਰੈਂਪਟਨ ਵਿੱਚ ਨੌਜਵਾਨਾਂ ਲਈ, ਮਾਨਸਿਕ ਸਿਹਤ ਸਬੰਧੀ ਸੰਗਠਨਾਂ ਵੱਲੋਂ ਦਿੱਤੀ ਜਾਣ ਵਾਲੀ ਸਹਾਇਤਾ ਅਤੇ ਜਾਣਕਾਰੀ ਵਿੱਚ ਮਦਦ ਲਈ ਤਾਲਮੇਲ ਕਰੇਗੀ
4. ਸਾਡੇ ਨੌਜਵਾਨਾਂ ਨੂੰ ਸਹਿਯੋਗ ਕਰਨ ਲਈ, ਵਾਲੰਟੀਅਰਾਂ ਅਤੇ ਸਟੇਕਹੋਲਡਰਾਂ ਲਈ ਵਾਧੂ ਸ਼ਮੂਲੀਅਤ ਦੇ ਮੌਕੇ ਪੈਦਾ ਕਰੇਗੀ

ਹਾਲਾਂਕਿ ਨਿਵਾਸੀਆਂ ਅਤੇ ਕਰਮਚਾਰੀਆਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਲਈ ਸਿਟੀ ਹਾਲ ਬੰਦ ਰਹੇਗਾ, ਪਰੰਤੂ ਸਾਡੇ ਸਥਾਨਕ ਅਰਥਚਾਰੇ ਨੂੰ ਅਤੇ ਸਾਡੇ ਸ਼ਹਿਰ ਵਿੱਚ ਸਾਡੇ ਨੌਜਵਾਨਾਂ ਨੂੰ ਸਹਿਯੋਗ ਦੇਣ ਲਈ ਅਸੀਂ ਲਗਾਤਾਰ ਦਿਨ-ਰਾਤ ਕੰਮ ਕਰ ਰਹੇ ਹਾਂ।

ਅਗਲੀ ਪੀੜ੍ਹੀ ਨੂੰ ਸਹਿਯੋਗ ਕਰਨ ਦਾ ਮਹੱਤਵਪੂਰਣ ਤਰੀਕਾ ਹੈ ਕਿ ਸਾਡੀ ਕਾਉਂਸਿਲ, ਸਿਟੀ ਨੂੰ ਭਵਿੱਖ ਲਈ ਤਿਆਰ ਕਰ ਸਕੇ।

ਅੱਜ ਦੀ ਘੋਸ਼ਣਾ, ਇਸ ਹਫ਼ਤੇ ਮੇਅਰ ਦੀ COVID-19 ਇਕੋਨੋਮਿਕ ਸਪੋਰਟ (Economic Support) ਅਤੇ ਸੋਸ਼ਲ ਸਪੋਰਟ (Social Support) ਅਤੇ ਸੀਨੀਅਰਸ ਸਪੋਰਟ ਟਾਸਕ ਫੋਰਸਿਜ (Seniors Support Task Forces) ਦੀ ਸ਼ੁਰੂਆਤ ਤੋਂ ਬਾਅਦ ਕੀਤੀ ਗਈ ਹੈ। ਇਸ ਬਾਰੇ ਇੱਥੇ (here) ਹੋਰ ਪੜ੍ਹੋ।

**ਸਾਡੇ ਨਾਲ ਜੁੜੋ**

ਜੋ ਲੋਕ COVID-19 ਤੋਂ ਰਾਹਤ ਦੇ ਸਿਟੀ ਦੇ ਯਤਨਾਂ ਦੇ ਸਮਰਥਨ ਵਿੱਚ ਆਪਣੀ ਭੂਮਿਕਾ ਨਿਭਾਉਣਾ ਅਤੇ ਮਦਦ ਕਰਨਾ ਚਾਹੁੰਦੇ ਹਨ, ਉਹ ਈਮੇਲ ਰਾਹੀਂ ਇਹਨਾਂ ਸਮਰਪਿਤ ਟੀਮਾਂ ਨਾਲ ਜੁੜ ਸਕਦੇ ਹਨ:

- ਮੇਅਰ ਦੀ COVID-19 **ਇਕੋਨੋਮਿਕ ਸਪੋਰਟ** ਟਾਸਕ ਫੋਰਸ - Covid19business@brampton.ca
- ਮੇਅਰ ਦੀ COVID-19 **ਸੋਸ਼ਲ ਸਪੋਰਟ** ਟਾਸਕ ਫੋਰਸ - Covid19support@brampton.ca
- ਮੇਅਰ ਦੀ COVID-19 **ਸੀਨੀਅਰਸ ਸਪੋਰਟ** ਟਾਸਕ ਫੋਰਸ - Covid19seniors@brampton.ca
- ਮੇਅਰ ਦੀ COVID-19 **ਯੂਥ ਸਪੋਰਟ** ਟਾਸਕ ਫੋਰਸ – Covid19youth@brampton.ca

**ਹੋਰ ਜਾਣਕਾਰੀ**

ਸਿਟੀ ਦੀਆਂ ਸੇਵਾਵਾਂ ਬਾਰੇ ਬਿਲਕੁੱਲ ਤਾਜ਼ਾ ਜਾਣਕਾਰੀ ਅਤੇ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ (FAQs), ਅਤੇ ਫੈਸਿਲਿਟੀ ਅਤੇ ਪ੍ਰੋਗਰਾਮਿੰਗ ਬੰਦ ਹੋਣ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ ਵੈਬਸਾਈਟ: www.brampton.ca/covid19 ਤੇ ਜਾਓ।

ਪੀਲ ਪਬਲਿਕ ਹੈਲਥ ਵੱਲੋਂ ਦਿੱਤੀ ਜਾਣ ਵਾਲੀ ਬਿਲਕੁੱਲ ਤਾਜ਼ਾ ਜਾਣਕਾਰੀ ਲਈ: www.peelregion.ca/coronavirus ਤੇ ਜਾਓ।

**ਹਵਾਲਾ**

"ਹਾਲਾਂਕਿ ਬ੍ਰੈਂਪਟਨ ਦੇ ਨਿਵਾਸੀਆਂ ਅਤੇ ਕਰਮਚਾਰੀਆਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਲਈ ਸਿਟੀ ਹਾਲ ਬੰਦ ਰਹੇਗਾ, ਪਰੰਤੂ ਇਹ ਯਕੀਨੀ ਬਣਾਉਣ ਲਈ ਕਾਉਂਸਿਲ ਲਗਾਤਾਰ ਕੰਮ ਕਰ ਰਹੀ ਹੈ ਕਿ ਅਸੀਂ ਬ੍ਰੈਂਪਟਨ ਦੇ ਨਿਵਾਸੀਆਂ, ਖਾਸ ਕਰਕੇ ਸਾਡੇ ਨੌਜਵਾਨਾਂ ਨੂੰ ਸਹਿਯੋਗ ਦੇਣ ਲਈ ਨਾਲ ਮਿਲ ਕੇ ਕੰਮ ਕਰ ਰਹੇ ਹਾਂ। ਇਹ ਨਵੀਂ ਟਾਸਕ ਫੋਰਸ ਯਕੀਨੀ ਬਣਾਵੇਗੀ ਕਿ ਅਸੀਂ ਇਹ ਯਕੀਨੀ ਬਣਾਉਂਦੇ ਹੋਏ ਅਰਥਪੂਰਨ ਤਰੀਕਿਆਂ ਨਾਲ ਬ੍ਰੈਂਪਟਨ ਦੇ ਨੌਜਵਾਨਾਂ ਨੂੰ ਸ਼ਾਮਲ ਕਰ ਰਹੇ ਹਾਂ ਕਿ ਉਹਨਾਂ ਕੋਲ ਸਿੱਖਣ, ਕਿਰਿਆਸ਼ੀਲ ਰਹਿਣ ਅਤੇ ਉਹਨਾਂ ਲਈ ਲੋੜੀਂਦੇ ਸਹਿਯੋਗ ਵਿੱਚ ਸ਼ਾਮਲ ਹੋਣ ਲਈ ਥਾਂਵਾਂ ਹਨ, ਭਾਵੇਂ ਉਹ ਮਨਪਰਚਾਵੇ ਸਬੰਧੀ ਵਿਕਲਪ ਹੋਣ, ਮਾਨਸਿਕ ਸਿਹਤ ਸਬੰਧੀ ਸਹਿਯੋਗ ਜਾਂ ਸ਼ੈਲਟਰ ਹੋਵੇ। ਆਪਣੇ ਸਟੇਕਹੋਲਡਰਾਂ ਦੇ ਨਾਲ ਮਿਲ ਕੇ, ਅਸੀਂ ਬ੍ਰੈਂਪਟਨ ਦੇ ਨੌਜਵਾਨਾਂ ਤੇ COVID-19 ਦੇ ਅਸਰ ਨੂੰ ਘੱਟ ਕਰਨ ਲਈ ਵਚਨਬੱਧ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca